Adjudged the best house Journal by AISCCON for 2016-17

PAN No. : AABTM8402H

For Circulation Among Members Only

# THE GLORIOUS YEARS

## (A MONTHLY UPDATE OF MOHALI SENIOR CITIZENS' ASSOCIATION)

www.mscamohali.com

**Regd. Office : # 903, Phase 3B-2, S.A.S. Nagar (Mohali)- 160061**
**(Society Registration No. 2015, of 2006-07, dated 14th March 2007)**
**E-mail : mohaliseniorcitizen@gmail.com or jarnail656@yahoo.com**
**Head Office : Community Centre, Ph 7, Mohali-160 062. Ph. 0172-4673904**
**OPENS ON MONDAY & THURSDAY FROM 10.30 AM TO 1.00 PM**

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨ ਉਚਰੀ॥

**PRESIDENT**
BRIG. J. S. JAGDEV, SM
M.Sc. (Def. Studies), PGDCA
# 372, Sector 71, Mohali M. : 97801-49624

**VICE PRESIDENT**
JARNAIL SINGH
MA (STATISTICS), MA (ECONOMICS), PGDCA
656, Phase 10 (Sec. 64), Mohali M. : 98146-14656

**EDITOR**
WG CDR BALDEV SINGH
107, Sec. 65, Mohali M. : 99156-12157
Email : baldevsinghguraya@gmail.com

**SECRETARY GENERAL**
SUKHWINDER SINGH BEDI
General Manager (Retd.) Pb. & Sind Bank
# 232, Phase 4, Mohali M. : 98156-53232

**Vol. 16 No. 191** **NOVEMBER 2025**

## *President's Message*



Dear Esteemed Members,

Civic sense forms the basis of a responsible and progressive nation. It is demonstrated in our everyday actions — respecting public spaces, obeying traffic laws, maintaining cleanliness around us, and showing courtesy and regard for others.

Unfortunately, many of us often ignore these simple principles. We frequently see people breaking traffic laws, littering, spitting, or even urinating in public. Queue-jumping, taking shortcuts, or relying on jugaad to get ahead have become all too common. Some even see bribery as a practical way to reach their goals. This widespread indiscipline comes from a casual 'chalta hai' attitude that dismisses behaviour we know is wrong.

Ironically, when Indians travel abroad, they become exemplary citizens — adhering to rules, respecting order, and acting responsibly. The difference is not in awareness but in the certainty of enforcement and the fear of penalties. If we truly aim for a Viksit Bharat by 2047, we must shed this complacency and take personal responsibility for fostering civic sense and public etiquette.

This transformation must begin at home, continue in schools, and be reinforced in society. Parents and elders have a crucial duty to lead by example and instil these values in children. Campaigns like **Swachh Bharat** and **Ek Ped Maa Ke Naam** should not remain mere slogans but be adopted as a way of life. While many citizens are aware of their rights, fewer recognise their duties — and that imbalance must be addressed. Law enforcement agencies, too, must ensure strict and impartial action against offenders, so that rules command respect.

As senior citizens, we possess both experience and moral authority to make meaningful contributions to this effort. We can help educate the younger generation about civic sense through community talks, mentoring, and involvement in social campaigns. Our behaviour, whether on the road, in public places, or at community events, should serve as a living example of discipline and decency. By sharing our wisdom and setting positive examples, we can influence attitudes and inspire change.

Building a developed nation is not solely the government's responsibility — it requires a collective effort from all citizens. Every individual must contribute. Genuine education, community engagement, and personal responsibility are the true foundations of a civilised and caring society.

Let us, as senior citizens of Mohali, continue to set an example and inspire others through our actions. Together, we can help build a cleaner, more disciplined, and compassionate India — a nation our younger generations will be proud to inherit.

Warm regards,
Brig JS Jagdev

## MSCA 13th Dr A S Khehra Memorial Annual Sports Meet 2025 will start from 1st Nov. 2025







Flood Affected Village Ghonewal





HelpAge India organised a seminar on International Day of Older Persons at Panjab University, Chandigarh on 30th September 2025. Brig J S Jagdev was one of the five panelists.



MSCA family donated 200 blankets for the flood affected people of Punjab through Khalsa Aid today

**LAF Centre for Senior Citizens : City Park, Opp. H. No. 1151, Sector 68, Mohali** Phone : 0172-3599512
OPENS ON MONDAY TO SATURDAY FROM 9 A.M. TO 1 P.M. & 5 P.M. TO 7 P.M. APRIL TO OCTOBER
10 A.M. TO 1.30 P.M. & 4 P.M. TO 6 P.M. NOVEMBER TO MARCH

## EDITORIAL



ਗਲੋਰੀਅਸ ਯੀਅਰਜ ਮੈਗਜੀਨ ਤਕਰੀਬਨ 16 ਸਾਲ ਦਾ ਹੋ ਗਿਆ ਹੈ। ਇਸਦੇ ਹਰ ਇਕ ਅੰਕ ਨੂੰ ਪਿਛਲੇ ਨਾਲੋਂ ਬਿਹਤਰ ਬਣਾਉਂਣ ਲਈ, ਹਰ ਐਡੀਟਰ ਸਹਿਬਾਨ ਨੇ ਪੂਰੀ ਕੋਸ਼ਿਸ਼ ਕੀਤੀ ਹੈ। ਸਾਰਿਆਂ ਦੀ ਸਖ਼ਤ ਮਿਹਨਤ ਸਦਕਾ ਹੁਣ ਇਹ ਐਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਅਗਰ ਕਿਸੇ ਮੈਂਬਰ ਦੀ ਗਲੋਰੀਅਸ ਯੀਅਰਜ ਦੀ ਕਾਪੀ ਇਕ ਦਿਨ ਵੀ ਲੇਟ ਹੋ ਜਾਦੀ ਹੈ ਤਾਂ ਉਹ ਝੱਟ-ਪੱਟ ਫੋਨ ਕਰਕੇ ਮੈਨੂੰ ਪੁੱਛਦੇ ਹਨ, ਭਾਵੇਂ ਕਿ ਇਹ ਮੇਰੀ ਡੀਊਟੀ ਨਹੀਂ ਹੈ, ਫਿਰ ਵੀ ਮੈਂ ਹਰ ਹੀਲੇ ਖੁਦ ਜਾਕੇ ਕਾਪੀ ਦੇ ਕੇ ਆਉਂਦਾ ਹਾਂ। ਇਸ ਵਿਚ ਬਹੁਤ ਯੋਗਦਾਨ ਸ੍ਰੀ ਜਰਨੈਲ ਸਿੰਘ ਜੀ ਮੀਤ ਪ੍ਰਧਾਨ ਦਾ ਵੀ ਹੈ ਜੋ ਕਿ ਹਰ ਸਮੇਂ ਮੇਰੇ ਨਾਲ ਹਨ। ਪ੍ਰੈਸ ਦਾ ਸਹਿਯੋਗ ਅਤੇ ਘਰ-ਘਰ ਮੈਗਜੀਨ ਵੰਡਣ ਵਾਲਿਆਂ ਨੂੰ ਵੀ ਵਧਾਈ ਦੇਣੀ ਬਣਦੀ ਹੈ। ਮੈਗਜੀਨ ਵਿਚ ਸਾਰਿਆਂ ਦੀ ਦਿਲਚਸਪੀ ਬਣਾਈ ਰੱਖਣ ਲਈ ਸੁਡੋਕੋ, ਕਵਿਜ, ਰਿਡਿਲ, ਕੈਪਸ਼ਨ, ਸਵਾਲ, ਹਰ ਮਹੀਨੇ ਪਾਏ ਜਾਂਦੇ ਹਨ। ਜਿਨ੍ਹਾਂ ਦਾ ਜੁਆਬ ਮੈਂਬਰ ਫਾਈਨਲ ਐਡੀਸ਼ਨ ਛਪਣ ਤੋਂ ਪਹਿਲਾਂ ਹੀ ਭੇਜ ਦਿੰਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਮੈਂਬਰ ਕਿੰਨੀ ਉਤਸੁਕਤਾ ਨਾਲ ਮੈਗਜੀਨ ਦਾ ਇੰਤਜ਼ਾਰ ਕਰਦੇ ਹਨ।

ਵਰਤਮਾਨ ਕਮੇਟੀ ਵੀ ਵਧਾਈ ਦੀ ਹੱਕਦਾਰ ਹੈ। ਕਮੇਟੀ ਹਰਮਨ ਪਿਆਰੀ ਹੋਣ ਦਾ ਇਕ ਇੰਡੀਕੇਟਰ ਮੇਰੇ ਹਿਸਾਬ ਨਾਲ ਇਸਦੀ ਵਧ ਰਹੀ ਮੈਂਬਰਸ਼ਿਪ ਹੈ। ਇਸ ਮਹੀਨੇ 3000 ਤੋਂ ਉਪਰ ਅੰਕੜਾ ਪਾਰ ਹੋ ਜਾਣ ਦਾ ਅੰਦਾਜਾ ਹੈ। ਮੇਰੀ ਮਨੋਕਾਮਨਾ ਹੈ ਕਿ MSCA ਅਤੇ ਗਲੋਰੀਅਸ ਯੀਅਰਜ ਮੈਗਜੀਨ, ਬਲੰਦੀਆਂ ਨੂੰ ਛੂਹਣ।

ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ : ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਦਿਵਸ 2025 ਦੇ ਅਖੀਰ ਵਿੱਚ 25 ਅਕਤੂਬਰ ਤੋਂ 25 ਨਵੰਬਰ, ਮਹੀਨਾਂ ਭਰ ਚੱਲਣ ਵਾਲੇ ਸਮਾਗਮਾਂ ਨਾਲ ਮਨਾਇਆ ਜਾਵੇਗਾ। ਪੰਜਾਬ ਸਰਕਾਰ ਅਤੇ ਐਸ.ਜੀ.ਪੀ.ਸੀ. ਵਰਗੀਆਂ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਆਯੋਜਿਤ ਇਹ ਸਮਾਗਮ ਪੰਜਾਬ ਅਤੇ ਦਿੱਲੀ ਵਿਚ ਹੋਣਗੇ। ਇਨ੍ਹਾਂ ਸਮਾਗਮਾਂ ਦਾ ਕੇਂਦਰਬਿੰਦੂ ਬਹੁ-ਦਿਨ ਯਾਦਗਾਰੀ ਸਮਾਰੋਹ ਹੋਵੇਗਾ। ਜਿਸਦਾ ਭੋਗ 23-25 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੇ ਸਮਾਗਮ ਵਿਚ ਹੋਵੇਗਾ।

**ਮੁੱਖ ਸਮਾਗਮ**

1. ਪੰਜਾਬ ਦੇ ਸਾਰੇ 23 ਜਿਲ੍ਹਿਆਂ ਵਿੱਚ 1 ਤੋਂ 18 ਨਵੰਬਰ ਤੱਕ, ਗੁਰੂ ਤੇਗ ਬਹਾਦਰ ਤੇ ਕੇਂਦਰਿਤ, ਲਾਈਟ ਅਤੇ ਸਾਊਂਡ ਸ਼ੋਅ ਹੋਣਗੇ।
2. ਚਾਰ ਨਗਰ ਕੀਰਤਨ : ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਧਾਰਮਿਕ ਜਲੂਸ ਇਕੱਠੇ ਹੋ ਰਹੇ ਹਨ। 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੇ।
3. ਸ੍ਰੀ ਅਨੰਦਪੁਰ ਸਾਹਿਬ ਵਿਖੇ ਮੁੱਖ ਸਮਾਗਮ (23 ਤੋਂ 25 ਨਵੰਬਰ) - ਅੰਤਰ-ਧਰਮ ਕਾਨਫਰੰਸ ਵਿਚ 23 ਨਵੰਬਰ ਨੂੰ ਵੱਖ-ਵੱਖ ਧਰਮਾਂ ਦੇ ਅਧਿਆਤਮਿਕ ਆਗੂ ਇਕੱਠੇ ਹੋਣਗੇ।
4. ਡਰੋਨ ਅਤੇ ਲਾਈਟ ਸ਼ੋਅ : ਨੌਵੇਂ ਗੁਰੂ ਦੇ ਜੀਵਨ ਅਤੇ ਕੁਰਬਾਨੀ ਨੂੰ ਦਰਸਾਉਂਣਗੇ।
5. ਵਿਸ਼ੇਸ਼ ਵਿਧਾਨ ਸਭਾ ਸੈਸ਼ਨ : ਪੰਜਾਬ ਵਿਧਾਨ ਸਭਾ, 24 ਨਵੰਬਰ ਨੂੰ ਇਕ ਇਤਿਹਾਸਕ ਸ਼ੈਸ਼ਨ ਕਰੇਗੀ।
6. ਸਮਾਪਤੀ ਪ੍ਰਥਾਰਨਾ : ਯਾਦਗਾਰੀ ਸਮਾਰੋਹ 25 ਨਵੰਬਰ ਨੂੰ ਪ੍ਰਾਰਥਨਾ ਅਤੇ ਰਾਜਪੱਧਰੀ ਪੌਦੇ ਲਾਉਣ ਦੀ ਮੁਹਿੰਮ ਨਾਲ ਸਮਾਪਤ ਹੋਵੇਗਾ।

**ਹੋਰ ਜਗ੍ਹਾ ਤੇ ਸਮਾਗਮ**

1. ਦਿੱਲੀ : ਲਾਲ ਕਿਲ੍ਹੇ ਵਿਖੇ ਦੋ ਦਿਨਾ ਰਾਜਪੱਧਰੀ ਪ੍ਰੋਗਰਾਮ ਹੋਵੇਗਾ। ਸਮਾਗਮ 25 ਅਕਤੂਬਰ ਨੂੰ ਗੁਰਦੁਆਰਾ ਸ਼ੀਸ਼ਗੰਜ ਸਾਹਿਬ ਵਿਖੇ ਅਰਦਾਸ ਨਾਲ ਸ਼ੁਰੂ ਹੋਣਗੇ।
2. ਹਰਿਆਣਾ : ਹਰਿਆਣਾ ਵਿਧਾਨ ਸਭਾ ਨੇ ਗੁਰੂ ਜੀ ਦਾ ਸਨਮਾਨ ਕਰਨ ਲਈ ਇਕ ਮਤਾ ਪਾਸ ਕੀਤਾ ਹੈ ਅਤੇ 25 ਨਵੰਬਰ ਨੂੰ ਕੁਰੂਕਸ਼ੇਤਰ ਵਿਖੇ ਇਕ ਵੱਡਾ ਸਮਾਗਮ ਕੀਤਾ ਜਾਵੇਗਾ।
3. ਰਾਸ਼ਟਰ-ਵਿਆਪੀ ਪਹਿਲਕਦਮੀਆਂ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਲ ਪਰ ਸਮਾਗਮਾਂ ਦਾ ਆਯੋਜਨ ਕਰ ਰਹੀ ਹੈ, ਜਿਸ ਵਿਚ 21 ਰਾਜਾਂ ਵਿਚੋਂ ਲੰਘਣ ਵਾਲਾ ਨਗਰ ਕੀਰਤਨ ਸ਼ਾਮਲ ਹੈ।
4. ਭਾਰਤੀ ਰੇਲਵੇ : ਭਾਰਤੀ ਰੇਲਵੇ ਵਿਸ਼ੇਸ਼ ਯਾਦਗਾਰੀ ਗੱਡੀਆਂ ਚਲਾਏਗੀ ਅਤੇ ਦੇਸ਼ ਭਰ ਦੀਆ ਰੇਲ-ਗੱਡੀਆਂ ਅਤੇ ਸ਼ਟੇਸਨਾਂ ਤੇ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ।

ਭਾਈ-ਚਾਰੇ ਅਤੇ ਵਿਰਾਸਤ ਤੇ ਧਿਆਨ ਕੇਂਦਰ : ਇਹ ਸਮਾਗਮ ਗੁਰੂ ਤੇਗ ਬਹਾਦਰ ਜੀ ਦੇ ਧਰਮ ਨਿਰਪੱਖਤਾ ਅਤੇ ਮਾਨਵਤਾਵਾਦ ਦੇ ਸੰਦੇਸ਼ 'ਤੇ ਜ਼ੋਰ ਦੇ ਰਹੇ ਹਨ। ਧਾਰਮਿਕ ਪ੍ਰੋਗਰਾਮਾਂ ਤੋਂ ਇਲਾਵਾ, ਯਾਦਗਾਰੀ ਗਤੀਵਿਧੀਆਂ ਵੀ ਸ਼ਾਮਲ ਹਨ:

ਸਿੱਖ ਇਤਿਹਾਸ ਬਾਰੇ ਪ੍ਰਦਸ਼ਨੀਆਂ, ਅੰਤਰ-ਧਰਮ ਸੰਵਾਦ, ਵਿਰਾਸਤੀ ਸੈਰ, ਖ਼ੂਨਦਾਨ ਕੈਂਪ, ਪੌਦੇ ਲਗਾਉਂਣ ਦੀ ਮੁਹਿੰਮ ਆਦਿ।

ਵਿੰਗ ਕਮਾਂਡਰ ਬਲਦੇਵ ਸਿੰਘ

## KNOW YOUR MEMBERS

Jarnail Singh LM 1162, M 98146-14656

**Harjit Singh Sidhu LM 297 M: 98887 76277**



Harjit Singh Sidhu was born on 17 February 1939 at Chistian Mandi, Tehsil Bahawal Nagar, District Bahawalpur (now in Pakistan). His father, S. Bachittar Singh, who later retired as Tehsildar, served under the Nawab of Bahawalpur. Harjit Singh Sidhu received his early education at Himayatian Basti, Bahawalpur.

Following the partition of the country, the family migrated to Faridkot on 21–22 August 1947. He graduated from Brijendra College, Faridkot in 1960, and obtained his Bachelor of Law degree from Panjab University, Chandigarh in 1962.

He joined the Punjab Government service as a Prosecuting Sub-Inspector on 11 November 1963 and retired as District Attorney, Punjab on 28 February 1997. Since then, he has been engaged in legal practice.

He was honoured by the Bar Council of Punjab and Haryana, High Court, Chandigarh, in collaboration with the District Bar Association, Mohali, on the occasion of National Law Day Celebration and Seminar on Law and Legal Ethics. The recognition acknowledged his exemplary service, dedication to the legal profession, and commitment to justice, integrity, and professional excellence. The event was graced by Hon'ble Mr. Justice Anil Khattar Pal, Judge, Punjab and Haryana High Court, and Sh. Atul Kasana, District and Sessions Judge, on 26 November 2024.

He is an esteemed member of the Mohali Senior Citizens Association, Mohali. A talented singer, he was also honoured for his melodious performances on 4 May 2025.

He is blessed with three sons—two are engaged in the legal profession, and one is settled abroad.

The Association extends its best wishes to him for continued success and happiness.

## ਕਦੋਂ

ਕੁਲਵੰਤ ਸਿੰਘ "ਖੁਸ਼ਦਿਲ", ਐਲ.ਐਮ. 746 ਮੋ: 98140 04952

ਕਿੰਨੀਂ ਕੁ ਦੇਰ ਮੁਸੀਬਤਾਂ, ਅਸੀਂ ਸਹਾਂਗੇ?
ਕਦੋਂ ਤਕ ਇਸ ਮਹੌਲ ਦੇ, ਸ਼ਿਕਾਰ ਬਣਾਂਗੇ?
ਰੋਜ਼ ਹੁੰਦੇ ਬਲਾਤਕਾਰ, ਕਦੋਂ ਰੁਕਣਗੇ?
ਕਦੋਂ ਹਾਕਮ ਦੇਸ਼ ਦੇ ਅਪਣੀ, ਜ਼ਿੰਮੇਵਾਰੀ ਸਮਝਣਗੇ?
ਦੋਸ਼ ਇਕ ਦੂਜੇ ਤੇ ਮੜ੍ਹਣ ਦਾ, ਸਿੱਲਸਲਾ ਕਦੋਂ ਤੱਕ ਚਲੇਗਾ?
ਕਦੋਂ ਪਾਟੇ ਹੋਏ ਸੀਨੇ, ਸੀਏ ਜਾਣਗੇ?
ਕਦੋਂ ਮਨੁੱਖ, ਸੁੱਖ ਦਾ ਸਾਹ ਲਵੇਗਾ?
ਕਦੋਂ ਤਕ ਚਿੱਟੇ ਦਾ ਧੰਦਾ, ਰੋਕ ਪਾਉਗੇ?
ਜੇਲ੍ਹਾਂ ਤੇ ਥਾਂਣਿਆਂ ਵਿਚ ਹੁੰਦੀਆਂ ਮੌਤਾਂ ਨੂੰ, ਕਦੋਂ ਨੱਥ ਪਾਉਗੇ?
ਕਦੋਂ ਤੱਕ ਬੇ-ਕਸੂਰਾਂ ਦੀ, ਤੁਸੀਂ ਖ਼ੱਲ ਲਾਵੋਂਗੇ?
ਪੜ੍ਹਿਆਂ ਲਿਖਿਆ ਦਾ ਸ਼ੋਸ਼ਨ ਕਰਨਾ, ਕਦੋਂ ਬੰਦ ਕਰੋਗੇ?
ਬਣਦੀਆਂ ਨੌਕਰੀਆਂ, ਉਨ੍ਹਾਂ ਅਗੇ ਕਦੋਂ ਧਰੋਗੇ?
ਜ਼ੁੰਮੇਵਾਰ ਅਧਿਕਾਰੀਆਂ ਤੇ, ਪੁੱਛ ਪੜਤਾਲ ਕਦੋਂ ਕਰੋਗੇ?
ਗਰੀਬਾਂ ਤੇ ਲਾਚਾਰਾਂ ਦੀ ਛਿੱਲ ਲਾਉਂਣੀ, ਕਦੋਂ ਬੰਦ ਕਰੋਗੇ?
ਅਜੇ ਤਾਂ ਚਾਰ-ਚੁਫੇਰੇ ਹੈ, ਹਨ੍ਹੇਰਾ ਹੀ ਹਨ੍ਹੇਰਾ?
"ਖੁਸ਼ਦਿਲ" ਪਤਾ ਨਹੀ ਜਨਤਾ ਲਈ, ਕਦੋਂ ਹੋਵੇਗਾ ਸਵੇਰਾ?

**WEBSITES**

MSCA : www.mscamohali.com | Fedsen Punjab : www.fedsenpunjab.org | AISCCON : www.aisccon.org

# ASSOCIATION'S NEWS



Post monsoon Autumn signifies onset of pleasant weather and to rejuvenate the spirit of our young Seniors,the following activities/events were organised by MSCA and our honorable members participated whole heartedly to enliven the spirit of celebrations/participation.

**19th September 2025:** A medical talk on "Healthy Lifestyle to Prevent Heart Diseases" was delivered by Dr. R. K. Jaswal, Head, Department of Cardiology and Director, Cath Labs. Dr. Jaswal explained in simple and clear terms the importance of adopting a healthy lifestyle to minimize dependence on medication. He also responded to various queries raised by the members. About 90 members attended the session. Brig J S Jagdev President thanked the Fortis Management for organizing such an informative and beneficial talk and for providing refreshments.

**20 September 2025:** Executive committee member Hon"able Mrs. Palwant Kaur, LM number 1483 delivered a lecture on marriage and re-marriage and its benefits etc. were told by her to the present members in LAF centre Sector 68 and after that tea and snacks were served to all.



**21st September, 2025 :** Livasa Hospital organised a lecture on Orthopedic Surgery, by Dr. Aditya Aggarwal consultant and head of Orthopaedic. They talked about joints like knees etc. specially in adults with the goal of improving their quality of life and maintaining in the old age. 67 members of the Association join this programme and after the program heavy refreshment was surved by the hospital to all.

**23rd September, 2025:** A Mega picnic was arranged for Jathedar Resort Rahon which is 90 km from MSCA office. More than 70 members joined this picnic. On reaching there breakfast with hot pakora's sandwiches, sweets, hot tea etc. served. Fun games, tabola etc. were played. Winners were given prizes. After that at 1.45 pm Lunch was provided. Every member enjoyed this yummy lunch after that members enjoyed the surrounding of the Farm. Again after break songs etc. were sung. At about 3.0 pm tea with snacks were provided to all members and returned to Mohali at about.6.30pm.

**27 September 2025:** Every month Sureeli Shaam programme was organised at LAF center Sector 68 Sector, Mohali where songs were sung by members sometime songs on special topics like Holi, Sawan, pattjhar etc. are sung. Like every time light refreshment was served.

**28th September 2025:** On the occasion of World Heart Day, a Walkathon for a Healthy Heart was organised by Livasa Hospital at 6 a.m. A large number of members enthusiastically participated in the event. Complimentary T-shirts were distributed and refreshments was served.

**3rd October 2025:** Shalby Hospital Mohali organised a special talk on stroke by Dr. Swati Garg Senior Consultant talking about how to protect ourselves as this happened in mostly summer season. Approximately 40 members join this program. After the program refreshment was given to all the members.

**7th October 2025:** 145 members joined this programme held in community centre, phase-7 Mohali. It started with the ever entertaining game Tambola where member participated with full enthusiasm and won the prizes. Thereafter many members presented wonderful songs/poems to which the audience encouraged them with clapping. New members who joined MSCA recently gave their introductions and they were welcomed with clapping by the members. President thanked all the members. Cake was cut by members whose birthday falls during the last month. The refreshment was served to all the members in the end.



## Trust for Promotion of Education

A combined event was organized to celebrate Teachers' Day and to felicitate the meritorious students of the 2024–25 session from six rural schools adopted by the Trust For Promotion of Education. The schools included Government Primary Smart Schools at Majat, Jhanjeri, Swara, Majatri, Saidpur, and Cholta Khurd.

During the event, 33 students of Class 5 who secured first, second, and third positions in their respective schools, as well as those who achieved more than 95% marks in aggregate, were felicitated with books as a gesture of encouragement. This initiative aimed to inspire the current batch of students to work diligently and strive for excellence in their upcoming final examinations.

As part of the Teachers' Day celebrations, the teachers of these schools were also honoured by the Trust members in recognition of their dedication and service to the noble profession of teaching.

The adopted schools were visited by Trust members Brig. J. S. Jagdev, SM, S. Davinder Singh Bhatia, and S. Gurdev Singh Bindra.


















# ਕੌਣ ਲਾਊ ਸਾਰ

ਵਿੰਗ ਕਮਾਂਡਰ ਬਲਦੇਵ ਸਿੰਘ ਐਲ.ਐਮ. 1334 ਮੋ. 99156 12157

ਸੂਬੇ ਦਾ ਨਾਂ ਪੰਜ ਦਰਿਆਵਾਂ ਦੇ ਨਾਮ ਤੋਂ ਰੱਖਿਆ ਗਿਆ ਸੀ। ਇਤਿਹਾਸ ਵਿਚ ਇਸਨੂੰ ਸਿੱਖਾਂ ਦੀ ਧਰਤੀ ਜਾਂ ਗੁਰੂਆਂ ਦੀ ਧਰਤੀ ਵੀ ਕਿਹਾ ਗਿਆ ਹੈ। ਇਸਦਾ ਸਭਿਆਚਾਰ ਅਤੇ ਰਾਜਨੀਤੀ ਵੀ ਦੂਜਿਆਂ ਸੂਬਿਆਂ ਨਾਲੋਂ ਵੱਖਰੀ ਹੈ। ਇਹ ਇਸਦੀ ਭੂ-ਰਣਨੀਤਕ ਪ੍ਰਸਿਥੀ ਦੇ ਕਾਰਨ ਹੈ। ਭਾਰਤੀ ਉਪ-ਮਹਾਂਦੀਪ ਵਿਚ ਪ੍ਰਵੇਸ਼ ਕਰਨ ਵਾਲੇ ਹਰੇਕ ਹਮਲਾਵਾਰ ਨੂੰ ਪਹਿਲੀ ਅਤੇ ਸੰਭਾਵੀ ਤੌਰ ਤੇ ਆਖਰੀ ਲਲਕਾਰ ਇਥੇ ਹੀ ਮਿਲਦੀ ਸੀ। ਜੁਝਾਰੂ ਪੰਜਾਬੀ ਭਾਵਨਾ ਹੋਂਦ ਦੇ ਇਸ ਸੰਘਰਸ਼ ਵਿਚ ਹੀ ਸਮਾਈ ਹੋਈ ਹੈ।

ਸਮੂਹਿਕ ਸਵੈ-ਇੱਛਕ ਸੇਵਾ ਦੀ ਕੜੀ ਦੇ ਰੂਪ ਵਿਚ ਸੈਂਕੜੇ ਟਰੈਕਟਰ ਦਿਨ ਰਾਤ ਚੱਲ ਰਹੇ ਹਨ ਅਤੇ ਇਸ ਖਿੱਤੇ ਨੂੰ ਮੁੜ ਵਾਹੀਯੋਗ ਬਣਾਉਂਣ ਵਿਚ ਲੱਗੇ ਹੋਏ ਹਨ। ਕੇਂਦਰ ਸਰਕਾਰ ਨੂੰ, ਰਾਹਤ ਜਾਰੀ ਕਰਦੇ ਸਮੇਂ, ਨੁਕਸਾਨ ਦੀ ਕਿਸਮ ਤੇ ਵੀ ਗੌਰ ਕਰਨਾ ਚਾਹੀਦਾ ਹੈ। ਰਾਜਪਾਲ ਕਟਾਰੀਆ ਅਨੁਸਾਰ ਪੰਜਾਬ ਲਈ ਹੜ੍ਹ ਰਾਹਤ ਦਾ ਪੈਮਾਨਾ ਬਦਲਿਆ ਨਹੀਂ ਜਾ ਸਕਦਾ। ਇਹ ਹੀ ਅਸਲ ਸਮੱਸਿਆ ਹੈ। ਇਸ ਵਾਰ ਹੜ੍ਹ ਦੇ ਨੁਕਸਾਨ ਦੀ ਕਿਸਮ ਆਮ ਹੜ੍ਹਾਂ ਨਾਲੋਂ ਵੱਖਰੀ ਹੈ। ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 4 ਲੱਖ 80 ਹਜਾਰ ਏਕੜ ਰਕਬੇ ਵਿੱਚ ਫਸਲਾਂ ਬਰਬਾਦ ਹੋ ਗਈਆਂ ਹਨ। 17000 ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਕੇਂਦਰ ਸਰਕਾਰ ਨੂੰ ਸਮਝਣ ਦੀ ਲੋੜ ਹੈ ਕਿ ਹੋਰਨਾਂ ਖੇਤਰਾਂ ਵਿਚ ਹੜ੍ਹਾਂ ਦੇ ਮੁਕਾਬਲੇ, ਪੰਜਾਬ ਵਿਚ ਨੁਕਸਾਨ ਦੋ ਗੁਣਾਂ ਹੋਇਆ ਹੈ। ਖੇਤਾਂ ਵਿੱਚ ਖੜੀਆਂ ਫਸਲਾਂ ਪੂਰੀ ਤਰ੍ਹਾਂ ਬਰਬਾਦ ਹੀ ਨਹੀਂ ਹੋਈਆਂ ਸਗੋਂ ਖੇਤਾਂ ਵਿੱਚ ਗਾਰ ਅਤੇ ਰੇਤ ਭਰ ਗਈ ਹੈ।

ਆਫ਼ਤ ਰਾਹਤ ਵੰਡ ਦੇ ਨੇਮਾਂ ਅਨੁਸਾਰ, ਇਸ ਤਰ੍ਹਾਂ ਦੇ ਨੁਕਸਾਨ ਦੀ ਭਰਪਾਈ ਲਈ ਕੋਈ ਵਿਵਸਥਾ ਨਹੀਂ ਹੈ। ਜ਼ਮੀਨ ਨੂੰ ਮੁੜ ਖੇਤੀ ਯੋਗ ਬਣਾਉਂਣਾ ਹੈ। ਇਹ ਕੰਮ ਇਕੱਲੇ ਕਿਸਾਨ ਤੇ ਨਹੀਂ ਛੱਡ ਸਕਦੇ। ਸੋ ਦੋ ਪਹਿਲੂਆਂ ਤੇ ਕੇਂਦਰ ਸਰਕਾਰ ਧਿਆਨ ਦੇਵੇ। ਇਕ ਤਾਂ ਫਸਲੀ ਨੁਕਸਾਨ ਦੂਸਰਾ ਜ਼ਮੀਨ ਦਾ ਨੁਕਸਾਨ।

ਪੰਜਾਬ ਨਾਲ ਜੁੜਿਆ ਇਕ ਹੋਰ ਪਹਿਲੂ ਵੀ ਹੈ। ਦਰਿਆ ਪੰਜਾਬ ਵਿਚ ਵਗਦੇ ਹਨ। ਪਰ ਸਿਤਮਜ਼ਰੀਫੀ ਇਹ ਹੈ ਕਿ ਇਸ ਦਾ 65% ਪਾਣੀ ਰਾਜਸਥਾਨ ਅਤੇ ਹਰਿਆਣਾ ਮੁਫ਼ਤ ਵਿਚ ਲੈ ਕੇ ਉਪਰੋਂ ਅੱਖਾਂ ਵੀ ਦਿਖਾ ਰਹੇ ਹਨ। ਹੜ੍ਹਾਂ ਦਾ ਨੁਕਸਾਨ ਸਿਰਫ ਪੰਜਾਬ ਝੱਲ ਰਿਹਾ ਹੈ। ਰਿਪੇਰੀਅਨ ਸਿਧਾਂਤ ਅਨੁਸਾਰ ਦਰਿਆ ਦਾ ਪਾਣੀ ਉਸਦਾ ਹੈ ਜੋ ਹੜ੍ਹਾਂ ਦੀ ਮਾਰ ਝੱਲਦਾ ਹੈ। ਜਿਸ ਅਨੁਪਾਤ ਵਿਚ ਰਾਜਸਥਾਨ ਅਤੇ ਹਰਿਆਣਾ ਪਾਣੀ ਦੇ ਮਜੇ ਲੈ ਰਹੇ ਹਨ, ਉਸੇ ਅਨੁਪਾਤ ਵਿਚ ਉਹਨਾਂ ਦੋਨਾਂ ਸੂਬਿਆਂ ਕੋਲੋਂ, ਪੰਜਾਬ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜਾ ਲਿਆ ਜਾਵੇ। ਸਥਿਤੀ ਦੀ ਮੰਗ ਹੈ ਕਿ ਪਾਣੀ ਨੂੰ ਹਥਿਆਰ ਦੇ ਤੌਰ ਤੇ ਨਾ ਵਰਤਿਆ ਜਾਵੇ। 1988 ਵਿਚ ਅਪ੍ਰੇਸ਼ਨ ਬਲੂ ਸਟਾਰ ਅਤੇ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਖਾੜਕੂਆਂ ਨੂੰ ਮੰਡ ਏਰੀਏ ਵਿਚੋਂ ਬਾਹਰ ਕੱਢਣ ਲਈ ਭਾਖੜਾ ਦਾ ਪਾਣੀ ਛੱਡ ਕੇ, ਪਿੰਡਾਂ ਨੂੰ ਡੋਬ ਦਿੱਤਾ ਸੀ। ਉਹ ਧਾਰਨਾ ਹਾਲੇ ਵੀ ਕਾਇਮ ਹੈ।



ਬਿਆਸ ਦਰਿਆ ਦਾ ਕਹਿਰ ਅਜੇ ਬੰਦ ਨਹੀਂ ਹੋਇਆ। ਬਾਊ ਪੁਰ ਮੰਡ ਇਲਾਕੇ ਵਿਚ ਬਿਆਸ ਦਾ ਪਾਣੀ ਭਾਵੇ ਘੱਟ ਹੋ ਗਿਆ ਹੈ ਅਤੇ ਕਿਸਾਨ ਖੇਤਾਂ ਨੂੰ ਮੁੜ ਵਾਹੁਣਯੋਗ ਬਣਾਉਣ ਵਿਚ ਲੱਗੇ ਹੋਏ ਹਨ ਪਰ ਰਾਮ ਪੁਰ ਗੋਹਰਾ ਪਿੰਡ ਦਾ ਇਕ ਪਰਿਵਾਰ ਅੱਜ ਵੀ ਹੜ੍ਹ ਦੀ ਮਾਰ ਝੱਲ ਰਿਹਾ ਹੈ। ਦਰਿਆ ਦੇ ਬਦਲੇ ਹੋਏ ਵਹਿਣ ਕਾਰਨ, ਉਨ੍ਹਾਂ ਦੇ ਘਰ ਨੂੰ ਲਗਾਤਾਰ ਖੋਰਾ ਲੱਗ ਰਿਹਾ ਹੈ ਅਤੇ ਕਿਸੇ ਸਮੇਂ ਵੀ ਢਹਿ ਸਕਦਾ ਹੈ। ਪਰਿਵਾਰ ਨਾਲ ਵੱਡੀ ਤਰਾਸਦੀ ਇਹ ਵਾਪਰੀ ਕਿ 19 ਏਕੜ ਉਪਜਾਊ ਜ਼ਮੀਨ ਵਿਚੋਂ 17 ਏਕੜ ਜ਼ਮੀਨ ਨੂੰ ਦਰਿਆ ਨਿਗਲ ਚੁੱਕਾ ਹੈ। ਪੰਚਾਇਤ ਮੈਂਬਰ ਮਿਲਖਾ ਸਿੰਘ ਨੇ ਭਰੀਆਂ ਅੱਖਾਂ ਨਾਲ ਦੱਸਿਆ ਕਿ ਉਸ ਕੋਲ 19 ਏਕੜਾਂ ਵਿਚੋਂ ਸਿਰਫ਼ ਦੋ ਏਕੜ ਜ਼ਮੀਨ ਬਚੀ ਹੈ ਅਤੇ ਹੁਣ ਛੱਤ ਵੀ ਸਿਰ ਤੋਂ ਜਾ ਰਹੀ ਹੈ। ਉਹ ਰਾਤਾਂ ਰਿਸ਼ਤੇਦਾਰਾਂ ਦੇ ਘਰ ਕੱਟਣ ਲਈ ਮਜ਼ਬੂਰ ਹੋ ਗਏ ਹਨ। ਮਕਾਨ ਦੋ ਸਾਲ ਪਹਿਲੇ ਬਣਾਇਆ ਸੀ। ਪਿੰਡ ਵਾਲੇ ਸਾਰੇ ਮਿਲਕੇ ਆਰਜੀ ਬੰਨ੍ਹ ਨੂੰ ਉੱਚਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਮਕਾਨ ਬਚ ਜਾਵੇ। ਪਰ ਪਾਣੀ ਦੇ ਤੇਜ ਵਹਾ ਨੇ ਨੀਂਹਾਂ ਨੂੰ ਖੋਰਾ ਲਾ ਦਿੱਤਾ ਹੈ। ਕੋਸ਼ਿਸ਼ ਕਾਮਯਾਬ ਨਹੀਂ ਹੋਈ। ਪੀੜਤ ਪਰਿਵਾਰ ਆਪਣੀਆਂ ਅੱਖਾਂ ਸਾਹਮਣੇ ਘਰ ਨੂੰ ਤਬਾਹ ਹੁੰਦਾ ਵੇਖਣ ਲਈ ਮਜ਼ਬੂਰ ਹੈ। ਹੁਣ ਤੱਕ ਕੋਈ ਸਰਕਾਰੀ ਮਦਦ ਨਹੀਂ ਪਹੁੰਚੀ।

ਪਠਾਨਕੋਟ ਦੇ ਬਮਿਆਲ ਦਾ ਕਿਸਾਨ ਮੇਜਰ ਸਿੰਘ ਹੜ੍ਹਾਂ ਦੀ ਤਬਾਹੀ ਨੂੰ ਕਦੇ ਨਹੀਂ ਭੁੱਲ ਸਕੇਗਾ। ਜੰਮੂ ਕਸ਼ਮੀਰ 'ਚੋਂ ਆਉਂਦੇ 'ਉੱਜ' ਦਰਿਆ ਨੇ ਸਾਰੀ ਜ਼ਮੀਨ ਝੋਨੇ ਸਮੇਤ ਦਰਿਆ ਬੁਰਦਾ ਕਰ ਦਿਤੀ, ਸੋਲਰ ਪਲਾਂਟ ਰੁੜ੍ਹ ਗਿਆ, ਟਿਊਬਵੈਲ ਦਾ ਨਾਮੋ-ਨਿਸ਼ਾਨ ਨਹੀਂ ਰਿਹਾ। ਅਜਿਹੇ ਹਜ਼ਾਰਾਂ ਕਿਸਾਨ ਹਨ ਜੋ ਜ਼ਮੀਨਾਂ ਤੋਂ ਵੀ ਹੱਥ ਧੋ ਬੈਠੇ ਹਨ। ਦਰਿਆਵਾਂ ਨੇ ਦਿਸ਼ਾ ਬਦਲੀ ਅਤੇ ਜ਼ਮੀਨਾਂ ਦਰਿਆਵਾਂ ਵਿਚ ਸਮਾ ਗਈਆਂ। ਉਹਨਾਂ ਕੋਲ ਜ਼ਮੀਨ ਦੀ ਵਾਪਸੀ ਦੀ ਨੇੜ ਭਵਿੱਖ ਵਿੱਚ ਕੋਈ ਸੰਭਾਵਨਾ ਨਹੀਂ ਹੈ। ਮਾਲ ਮਹਿਕਮੇਂ ਵਲੋਂ ਜ਼ਮੀਨ ਦੀ ਸਪੈਸ਼ਲ ਗਿਰਦਾਵਰੀ ਕਰਨ ਸਮੇਂ ਇਹ ਹਕੀਕਤ ਸਾਹਮਣੇ ਆਈ ਹੈ। ਪੂਰੇ ਪੰਜਾਬ ਵਿਚ 5307 ਏਕੜ ਜ਼ਮੀਨ ਦਰਿਆ ਬੁਰਦਾ ਹੋ ਗਈ ਹੈ। ਸੂਬੇ ਵਿਚ ਆਖਰੀ ਵਾਰ 1988 ਵਿਚ ਜ਼ਮੀਨਾਂ ਰੁੜ੍ਹੀਆਂ ਸਨ। ਰਾਵੀ, ਸਤਲੁਜ ਅਤੇ ਬਿਆਸ ਦਰਿਆ 'ਚ ਸੈਂਕੜੇ ਏਕੜ ਜ਼ਮੀਨ ਰੁੜ੍ਹ ਚੁੱਕੀ ਹੈ। ਅੰਮ੍ਰਿਤਸਰ ਜਿਲ੍ਹੇ ਦੀ 1515 ਏਕੜ, ਫ਼ਿਰੋਜ਼ਪੁਰ ਦੀ 1101 ਏਕੜ, ਗੁਰਦਾਸਪੁਰ ਦੀ 544 ਏਕੜ, ਨਵਾਂ ਸ਼ਹਿਰ ਦੀ 539 ਏਕੜ ਅਤੇ ਕਪੂਰਥਲੇ ਦੀ ਜਿਲ੍ਹੇ ਦੀ 396 ਏਕੜ ਜ਼ਮੀਨ ਦਰਿਆ ਬੁਰਦ ਹੋਈ ਹੈ।

13 ਅਕਤੂਬਰ ਨੂੰ ਪਿੰਡ ਘੋਨੇਵਾਲ ਅਤੇ ਹੋਰ ਪਿੰਡਾਂ ਡੇਰਾ ਬਾਬਾ ਨਾਨਕ ਦੇ ਇਲਾਕੇ ਵਿਚ ਮੈਂ ਅਤੇ ਮੇਰਾ ਦੋਸਤ ਸਵਰਨ ਮਾਨ (ਐਲ.ਐਮ. 1886) ਖੁਦ ਜਾ ਕੇ ਆਏ ਹਾਂ। ਅਸੀਂ ਦਵਾਈਆਂ ਦੇ ਦੋ ਵੱਡੇ ਕੇਸ ਉਧਰ ਦੇ ਕੇ ਆਏ ਹਾਂ। 14 ਅਕਤੂਬਰ ਨੂੰ ਪਿੰਡ ਬਾਊਪੁਰ ਮੰਡ ਅਤੇ ਹੋਰ ਪਿੰਡਾਂ ਵਿਚ ਗਏ ਸੀ। ਅਜੇ ਬਹੁਤ ਬੁਰਾ ਹਾਲ ਹੈ। ਖੇਤਾਂ ਵਿਚ ਰੇਤ ਅਤੇ ਗਾਰ ਇਕੱਠੀ ਹੋ ਗਈ। ਜਿਸਨੂੰ ਸੇਵਾ ਵਾਲੇ ਬਾਰੇ ਸੈਂਕੜੇ ਟਰੈਕਟਰਾਂ ਨਾਲ ਸਾਫ ਕਰਨ ਵਿਚ ਲੱਗੇ ਹੋਏ ਹਨ।

ਦੀਵਾਲੀ ਦਾ ਤਿਉਹਾਰ ਆ ਗਿਆ ਹੈ। ਜਦੋਂ ਸਾਰਾ ਦੇਸ਼ ਦੀਵਾਲੀ ਮਨਾ ਰਿਹਾ ਹੋਵੇਗਾ, ਇਹ ਹੜ੍ਹ ਦੇ ਮਾਰੇ ਲੋਕ ਮਾਯੂਸ ਬੈਠੇ ਹੋਣਗੇ। ਨਾ ਘਰ ਬਚੇ, ਨਾ ਬਨੇਰੇ ਬਚੇ, ਦੀਵੇ ਕਿਥੇ ਰੱਖਣੇ ਹਨ। ਕੁਦਰਤੀ ਆਫਤ ਨੇ ਅਗਸਤ-ਸਤੰਬਰ ਦੇ ਮਹੀਨੇ 'ਚ 6.87 ਲੱਖ ਲੋਕਾਂ ਨੂੰ ਬੇ-ਘਰ ਕਰ ਦਿੱਤਾ ਅਤੇ 17000 ਘਰ ਨੁਕਸਾਨੇ ਗਏ। ਇਸ ਵਾਰ ਪੰਜਾਬ ਦੇ 2416 ਪਿੰਡ ਵਖਤਾਂ ਦੇ ਮਾਰੇ ਹਨ। ਪੰਜਾਬ ਵਿਚ 60 ਘਰਾਂ ਵਿਚ ਤਾਂ ਸੱਥਰ ਵੀ ਵਿਛ ਗਏ। ਦੀਵਾਲੀ ਮੌਕੇ ਦੀਵੇ ਨਹੀਂ ਦਿਲ ਜਲਣਗੇ। ਹੁਣ ਤਾਂ ਘਰਾਂ ਦੇ ਦਰਵਾਜੇ ਹੀ ਨਹੀਂ ਹਨ, ਫਿਰ ਵੀ ਮਾਂ ਲੱਛਮੀ ਉਧਰ ਮੂੰਹ ਨਹੀਂ ਕਰਦੀ।

ਪਿੰਡ ਚਿੱਲਾ ਦੀ ਦੀਵਾਲੀ: ਮੁਹਾਲੀ ਦੇ ਸੈਕਟਰ 81 ਵਿਚ ਪੈਂਦੇ ਪਿੰਡ ਚਿੱਲਾ ਦੇ ਵਸਨੀਕ, ਸਦੀਆਂ ਪੁਰਾਣੀ ਰਵਾਇਤ ਅਨੁਸਾਰ, ਦੇਸ਼ ਵਿਚ ਦੀਵਾਲੀ ਤੋਂ ਅਗਲੇ ਦਿਨ ਦੀਵਾਲੀ ਮਨਾਉਂਦੇ ਆ ਰਹੇ ਹਨ। ਇਸ ਵਾਰ ਦੀਵਾਲੀ ਦੀ ਤਾਰੀਕ ਵਿਚ ਕੁਝ ਦੁਵਿਧਾ ਹੈ। ਉਹ ਹੁਣ 22 ਅਕਤੂਬਰ ਨੂੰ ਦੀਵਾਲੀ ਮਨਾਉਂਣਗੇ। ਕਹਿੰਦੇ ਹਨ ਕਿ ਇਕ ਵਾਰ ਦੀਵਾਲੀ ਵਾਲੇ ਦਿਨ ਪਿੰਡ ਦੇ ਸਾਰੇ ਪਸ਼ੂ, ਮੱਝਾਂ-ਗਾਵਾਂ, ਜੋ ਕਿ ਜੰਗਲ ਵਿਚ ਰੋਜ਼ ਦੀ ਤਰ੍ਹਾਂ ਚਰਨ ਗਏ ਸਨ, ਸ਼ਾਮ ਤੱਕ ਵਾਪਸ ਨਾ ਆਏ। ਪਿੰਡ ਦੇ ਸਾਰੇ ਲੋਕ ਡੰਗਰਾਂ ਨੂੰ ਸਾਰੀ ਰਾਤ ਲੱਭਦੇ ਰਹੇ ਅਤੇ ਉਹ ਅਗਲੇ ਦਿਨ ਮਿਲ ਗਏ ਅਤੇ ਉਹਨਾਂ ਨੇ ਅਗਲੇ ਦਿਨ ਦੀਵਾਲੀ ਮਨਾਈ। ਇਹ ਪ੍ਰਥਾ ਉਦੋਂ ਤੋਂ ਸ਼ੁਰੂ ਹੋਈ ਹੈ।

# A Visit to Flood-Affected Areas: A Devastating Reality

Swaran Mann LM 1846 M. 81465 26807

It had long been my wish to visit the flood-affected areas of Punjab, but I could not find anyone to accompany me. Despite sharing my intention on several WhatsApp groups and trying my best, there was no positive response. Eventually, I shared my desire with my friend, Wing Commander Baldev Singh. His immediate reaction was encouraging—he assured me that he would arrange the visit soon.

A few days later, he informed me that he had to attend a Bhog ceremony at his village near Rayya, in district Amritsar, which happened to be close to the flood-hit region. We decided to begin our journey a day before the ceremony, on the 13th of October. Our destination was Dera Baba Nanak and the surrounding flood-affected villages. To help us explore effectively, we decided to take along a guide familiar with the area. Wing Commander Baldev Singh quickly arranged this through one of his colleagues from Jalandhar, Gurmukh Singh, who turned out to be an excellent choice.




Continued on page 5

### A Misunderstood Mystery in Ludhiana

G. P. Singh Sandhu LM 2192 M. 97795-82475

Ludhiana, the "Manchester of India," buzzes with energy—home to bustling textile mills, roaring bicycle factories, fertile farms, and landmarks like Punjab Agricultural University. During my college holidays, I visited a friend who lived there, eager to immerse myself in the vibrant rhythm of the city." One crisp morning, after a short tour of his family's factory, we were returning home when a breathless neighbor dashed towards us. "Something's wrong at your house!" he cried, panic in his voice.

We rushed towards home. A small crowd had gathered outside the house. In the center stood my friend's mother, pale with worry, clutching her dupatta tightly. "The pooja room is locked… from the inside," she said, her voice trembling. "Our locker is in there. I think someone's hiding."

The tension thickened. A few neighborhood women arrived, armed with sticks, ready for whatever—or whoever—was behind that door. My friend's mother knocked gently. "Please come out," she called. "We won't hurt you." No reply. Silence pressed down on us. Was there a thief? Were they armed?

Suddenly, my friend's father arrived. Without a word, he examined the door. He fiddled with the handle, then gave a light push and pull. Click. The door creaked open. The room was… empty. Turns out, the latch had jammed from inside, giving the illusion of a break-in.

Everyone stood frozen—then burst into laughter. The women lowered their sticks, shaking their heads and chuckling.

What began as a moment of fear turned into an unforgettable comedy? That day, in the heart of Ludhiana, we all learned a simple truth: not every locked door hides a threat—sometimes; it just needs a gentle nudge.

### ਸੱਚੀ ਇੱਕ ਮੈਂ ਗੱਲ ਕਹਾਂ

ਅੰਮ੍ਰਿਤ ਕੌਰ, ਐਲ.ਐਮ. 747 ਮੋ: 99140 91209

ਚੰਨ ਕਹਾਂ ਕਿ ਚਾਂਦ ਕਹਾਂ, ਯਾ ਫਿਰ ਮਾਹਤਾਬ ਕਹਾਂ।
ਤੂੰ ਦੂਰੋਂ ਦੂਰੋਂ ਸੋਹਣਾ ਏ, ਸੱਚੀ ਇਕ ਮੈਂ ਗੱਲ ਕਹਾਂ।
ਤੇਰੀ ਚਮਕ ਉਧਾਰੀ ਸੂਰਜ ਦੀ, ਸੂਰਜ ਨੂੰ ਸਲਾਮ ਕਹਾਂ।
ਤੂੰ ਘੱਟਦਾ ਵੱਧਦਾ ਰਹਿੰਦਾ ਏ, ਕਿੰਝ ਤੇਰੇ ਤੇ ਇਤਬਾਰ ਕਹਾਂ।
ਧੋਖਾ ਅਹੱਲਿਆ ਨਾਲ ਕੀਤਾ, ਬਣ ਕੇ ਕੁੱਕੜ ਦਿੱਤੀ ਬਾਂਗ।
ਤੇਰੇ 'ਤੇ ਬਸ ਦਾਗ਼ ਪਿਆ, ਇੰਦਰ ਦਾ ਵੀ ਕੁਝ ਨਾ ਗਿਆ।
ਮੁੱਦਤਾਂ ਤੱਕ ਬਣੀ ਪੱਥਰ, ਨਿਰਦੋਸ਼ ਅਹੱਲਿਆ ਦਾ ਕੀ ਰਿਹਾ?
ਅਹੱਲਿਆ ਦੇ ਵੀਰੇ ਚੁੱਪ ਨਾ ਬੈਠੇ, ਪੁੱਜ ਗਏ ਉਹ ਤੇਰੇ ਕੋਲ
ਆ ਕੇ ਦਿੱਤਾ ਖੋਲ੍ਹ ਉਨ੍ਹਾਂ, ਤੇਰਾ ਸਾਰਾ ਹੀਜ-ਪਿਆਜ
ਰਹਿ ਗਏ ਸਭ ਹੱਕੇ ਬੱਕੇ, ਤੂੰ ਹੀ ਦੱਸ ਹੁਣ ਮੈਂ ਕੀ ਕਹਾਂ।
ਚੰਨ ਕਹਾਂ ਕਿ ਚੰਦਾ ਕਹਾਂ, 'ਮੂਨ' ਹੈ ਇਕ ਤੇਰਾ ਨਾਂ
ਤੂੰ ਤੇ ਲਗਦਾ ਏ ਨੇਤਾ ਮੈਨੂੰ, ਅੰਦਰੋਂ ਕੁਝ ਤੇ ਬਾਹਰੋਂ ਕੁਝ
ਅੱਜ ਕਾਤਰ ਕਲ੍ਹ ਥਾਲੀ ਦਿਸਦਾ, ਰਿਸ਼ੀਆਂ ਨੂੰ ਦੇਵੇਂ ਧੋਖਾ
ਗੁਨਾਹ ਕਰਕੇ ਵੀ ਤਾਂ ਹੀ ਤਾਂ, ਬਣ ਬੈਠਾ ਮਾਮਾ ਸਭ ਦਾ।

### TRUST FOR PROMOTION OF EDUCATION (DONATION RECEIVED UPTO 15-10-2025)

| Sr. | DONORS | Address | SUM (₹) |
|---|---|---|---|
| 1 | Brig. Jagjiwan Singh Jagdev | 372/Sec 71, Mohali | 5100 |
| 2 | S. Gurdev Singh Bindra | 3266, Sec 71, Mohali | 2500 |
| 3 | Dr Harpal Kaur | 92/Ph 2, Mohali | 10000 |
| 4 | Col. Charanjit Singh Bamba | 2725/Ph 7, Mohali | 2000 |
| 5 | Sh V S Gupta | 2254/Sec 68, Mohali | 1100 |
| 6 | Smt. Inderjit Kaur | R-1,E-110,Hyde Park, New Chandigarh | 2000 |
| 7 | S Gajjan Singh | Vill Dhakoli, Zirakpur | 1000 |

**Donations are exmepted U/S 80G of Income Tax Act 1961**
**For online donation - Bank Account No. 65082467556, SBI ,**
**IFSC CODE- SBIN0050502** Kindly provide copy of PAN card also

### DONATION RECEIVED BY MSCA UPTO 15.10.2025

| R. No. | DATE | L.M. No. | Donors Sarv. Shri | SUM (₹) | Rks |
|---|---|---|---|---|---|
| 6342 | 29.09.2025 | 2051 | KRISHAN PAL ANAND | 1100 | BD |
| 6343 | 06.10.2025 | 1716 | J S RAWAL | 1100 | BD |
| 6344 | 06.10.2025 | 1282 | J S JAGDEV | 5100 | BD |
| 6345 | 06.10.2025 | 2014 | NARINDER SINGH GILL | 2100 | BD |
| 6347 | 07.10.2025 | 1964 | RATTAN SINGH | 1100 | BD |
| 6348 | 07.10.2025 | 1054 | Wg Cdr SARANJIT SINGH | 1000 | BD |
| 6349 | 07.10.2025 | 31 | V S GUPTA | 1100 | BD |
| 6350 | 13.10.2025 | 2295 | GURINDER KAUR | 5000 | Wedding Anni |
| 6351 | 23.10.2025 | 1344 | HARMESH SOFAT | 1000 | OT |

**For online donation - PNB Bank Account No. 1155000102026238,**
**IFSC CODE- PUNB0352900 Kindly provide copy of your PAN Card also.**

### Definition of Friends

GULSHAN NAYYAR LM 1857 M. 9815976298

Seven Colours make Rainbow, Seven Chords create Music, Seven days make a week, Seven Continents make the World and Seven letters make FRIENDS.

### A Visit to Flood-Affected Areas: A Devastating Reality Contd. from page 4

Since the Sarpanch was unavailable, we interacted with the village elders. They told us that, for the time being, they had enough provisions and did not require additional help. We witnessed a double-storey house under construction that had been lifted and displaced by the force of the floodwaters—a chilling reminder of nature's might.

After paying our obeisance at Gurdwara Sahib in Dera Baba Nanak, we delivered the medicines at the main office. Our next stop was village Tong, the native place of Wing Commander Baldev Singh. We stayed overnight with his brother and sister-in-law, whose warmth and affection made me feel completely at home.

The following day, after attending the Bhog ceremony, we proceeded to village Baupur near Sultanpur Lodhi. What we saw there was heartbreaking. Once-thriving farmlands and homes were now buried under layers of sand. The villagers were busy desilting their fields, struggling to make them cultivable again. The landscape looked eerily similar to the sand dunes of Jaisalmer. When we asked how we could help, the villagers said they had sufficient food and essentials, but were running short of diesel for their tractors, which were being used continuously to reclaim the land for the next crop.

Despite the widespread devastation, the resilience and spirit of the people were truly inspiring. Welfare organizations like Khalsa Aid, along with numerous volunteers and compassionate citizens, were extending help selflessly. The sense of community and solidarity was deeply moving.

This visit to the flood-affected areas was a sobering experience. It reminded us of both the overwhelming power of nature and the boundless compassion of humanity. As we look to the future, it is vital to strengthen our disaster preparedness, promote climate resilience, and support community rebuilding efforts.

The floods may have receded, but the memories and lessons will remain with us forever. It is time for all of us to come together and help build a safer, stronger, and more caring future for everyone.

# MSCA 13th Dr A S Khehra Memorial Annual Sports Meet 2025

## Proposed Schedule for MSCA Sports 2025

| Sr. No. | Date / Time | Event | Venue |
|---|---|---|---|
| 1. | 01 /11/2025 10.00 am | Inauguration. | LAF, Sector 68 |
| 2. | 01/11/2025 10.00 am | Table Tennis. | LAF, Sector 68 |
| 3. | 02/11/2025 03.00 pm | SUDUKU/ MATHADUKU. | LAF, Sector 68 |
| 4. | 03/11/2025 10.00 am | Tennis. | 3B1 Tennis courts |
| 5. | 04/11/2025 10.00 am | Carrom | Sarvhitkari School, Sec 71 |
| 6. | 05/11/2025 10.00 am | Chess. | LAF, Sector 68 |
| 7. | 06/11/2025 10.00 am | Cards. | LAF, Sector 68 |
| 8. | 09/11/2025 10.00 am | CROQUET. | Paragaon School, Sec. 71 |
| 9. | 10/11/2025 10.00 am | Badminton. | To be decided |
| 10. | 11/11/2025 10.00 am | Athletics Shotput Discuss and Javelin | Sarvhitkari School, Sec 71 |
| 11. | 02/12/2025 03.00 pm | Prize Distribution | Community Centre, Ph. 7 |

1. There will be two groups ,first group will be upto 75 years and Second group will be 75+ years.
2. Event will be held if there are minimum four participants, if there are less entries the lesser group can be merged on participants request.
3. Entry fee will be Rs 50 per event. Last date for submission of entries at LAF center is 1st Nov. 2025.
4. A participant can participate in any number of events but he or she will be entitled for maximum three prizes.
5. Entry forms will be available at LAF centre/ community centre phase 7 from 10th October.
6. Chief convener can make changes in the program as per the need of the hour.
7. All International and National level sports-persons shall not participate in the discipline in which they have represented but can participate in all other events.
8. All events will start at 10 am but Mathudoku/ Sudoku will start at 3pm.
9. In case of any dispute the decision of President MSCA and Chief Convener (Sports) will be final.

The prize distribution function will be held on 2nd December 2025 at Community Center, Phase 7 Mohali.

Mr. Harjinder Singh LM 1560 M. 98729 99610
Chief Convener (Sports)

## ਜਲ ਹੈ ਤੋ ਕੱਲ੍ਹ ਹੈ

**ਅਵਤਾਰ ਕੌਰ, ਐਲ.ਐਮ. 988 ਮੋ: 97793 24400**

ਬ੍ਰਹਿਮੰਡ ਵਿਚ ਜੀਵਨ ਸਿਰਫ਼ ਧਰਤੀ ਤੇ ਹੈ, ਕਿਉਂਕਿ ਕਿਸੇ ਹੋਰ ਵੀ ਗ੍ਰਹਿ ਤੇ ਪਾਣੀ ਨਹੀਂ ਹੈ। ਧਰਤੀ ਵੀ ਤੇ ਆਦਮੀ ਦਾ ਸਰੀਰ ਵੀ ਦੋ ਤਿਹਾਈ ਪਾਣੀ ਹੈ। 'ਪਾਣੀ ਹੈ ਤਾਂ ਪ੍ਰਾਣੀ ਹੈ'।

ਦੁਨੀਆਂ ਦੀ ਸ਼ੁਰੂਆਤ ਹੀ ਪਾਣੀ ਤੋਂ ਹੋਈ ਸੀ। ਸੁਣਿਆ ਹੈ ਕਿ ਬਗ਼ਦਾਦ ਦੀ ਧਰਤੀ ਕਦੇ, ਦਰਿਆ ਕੰਢੇ ਪ੍ਰਫੁਲੱਤ ਹੋਈ ਦੁਨੀਆਂ ਦੀ ਸਭ ਤੋਂ ਪਹਿਲੀ ਸਭਿਅੱਤਾ ਸੀ। ਸਿੰਧੂ ਘਾਟੀ ਸਭਿਅਤਾ, ਦਰਿਆਵਾਂ ਦੇ ਸੁੱਕ ਜਾਣ ਕਰਕੇ ਨਸ਼ਟ ਹੋ ਗਈ। ਜਦੋਂ ਦਰਿਆ ਸੁੱਕ ਗਏ ਤਾਂ ਸ਼ਹਿਰ ਵੀ ਉੱਜੜ ਗਏ।

'ਧਰਤ ਓਹੀ ਰਾਣੀ, ਜਿਹਦੀ ਹਿੱਕ ਤੇ ਪਾਣੀ"

ਤ੍ਰੇਲ ਵੀ ਪਾਣੀ ਦਾ ਰੂਪ ਹੈ। ਪਾਣੀ ਤ੍ਰੇਲ ਬਣ ਕੇ, ਫੁੱਲਾਂ ਨੂੰ ਦੁਪਹਿਰੇ ਪੈਣ ਵਾਲੀ ਗਰਮੀ ਲਈ ਤਿਆਰ ਕਰਦਾ ਹੈ। ਹੰਝੂ ਬਣ ਕੇ ਦੁਖੀ ਨੂੰ ਦਿਲਾਸਾ ਦਿੰਦਾ ਹੈ। ਜਿਸ ਥਾਂ ਤੇ ਰੱਬ ਦਾ ਨਾਂ ਲਿਆ ਜਾਦਾ, ਉਸ ਥਾਂ ਤੇ ਨੇੜੇ ਦਾ ਪਾਣੀ ਵੀ ਅੰਮ੍ਰਿਤ ਬਣ ਜਾਦਾ ਹੈ।

ਇਹ ਕੁਦਰਤ ਦੀ ਬਖਸ਼ੀ ਹੋਈ ਵੱਡਮੁੱਲੀ ਦਾਤ ਹੈ। ਇਸ ਨੂੰ ਸਾਂਭ ਕੇ ਵਰਤਣਾ ਸਾਡਾ ਸਭ ਦਾ ਫਰਜ਼ ਬਣਦਾ ਹੈ। ਪਾਣੀ ਦੀ ਅਸਲੀ ਕੀਮਤ ਦਾ ਪਿਆਸੇ ਨੂੰ ਪਤਾ ਹੁੰਦਾ ਹੈ ਜਾਂ ਮਾਰੂਥਲਾਂ ਵਿੱਚ ਰਹਿੰਦੇ ਲੋਕਾਂ ਨੂੰ, ਜਿਹੜੇ ਹੱਥ, ਪੈਰ ਤੇ ਮੂੰਹ ਇਸ ਤਰ੍ਹਾਂ ਧੋਂਦੇ ਹਨ ਕਿ ਪਾਣੀ ਦੀ ਬੱਚਤ ਹੋ ਸਕੇ। ਇਹ ਲੋਕ ਹੱਥ ਧੋਣ ਵੇਲੇ ਬਾਹ ਉੱਪਰ ਨੂੰ ਕਰ ਲੈਂਦੇ ਹਨ, ਤਾਂ ਕਿ ਹੱਥ ਤੋਂ ਡਿੱਗ ਪਾਣੀ ਨਾਲ ਬਾਂਹ ਵੀ ਧੋ ਹੋ ਜਾਵੇ। ਸੋ, ਸਿਆਣਪ ਨਾਲ ਪਾਣੀ ਦੀ ਵਰਤੋਂ ਕਰਾਂਗੇ ਤਾਂ ਹੀ ਸੁੱਖੀ ਰਹਿ ਸਕਾਂਗੇ, ਨਹੀਂ ਤਾਂ ਹਰ ਜਗ੍ਹਾ ਮਾਰੂਥਲ ਤੇ ਬੰਜਰ ਜ਼ਮੀਨਾਂ ਹੀ ਨਜ਼ਰ ਆਉਣਗੀਆਂ। ਵਣਸਪਤੀ ਦਾ ਜੀਵਨ ਵੀ ਪਾਣੀ ਨਾਲ ਹੀ ਹੈ। ਇਨਸਾਨ ਵੀ ਵਣਸਪਤੀ ਦੇ ਸਹਾਰੇ ਜੀਵਨ ਜੀ ਸਕਦਾ ਹੈ। ਪੰਛੀ, ਜਾਨਵਰ ਵੀ ਇਸੇ ਦੇ ਸਹਾਰੇ ਹਨ। ਪਾਣੀ ਪਿਤਾ ਸਮਾਨ ਹੈ। ਇਸ ਦੀ ਕਦਰ ਕਰਨਾ ਸਾਡਾ ਧਰਮ ਹੈ।

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥

ਸੋ, ਪਾਣੀ ਦੀ ਹਰ ਬੂੰਦ ਬਚਾਉਣ ਦੀ ਕੋਸ਼ਿਸ਼ ਕਰੀਏ, ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਦਾ ਜੀਵਨ ਸੁਖਾਲਾ ਲੰਘੇ ਤੇ ਉਹਨਾਂ ਨੂੰ ਪਾਣੀ ਵਰਗੀ ਵੱਡਮੁੱਲੀ ਦਾਤ ਮਿਲਦੀ ਰਹੇ।

## ਵਿਰਲੀ ਦਿਵਾਲੀ

**ਪਲਵੰਤ ਕੌਰ ਪਾਲੀ, ਐਲ.ਐਮ. 1483**
**ਮੋ: 98559 10505**

ਖੁਸ਼ੀਆਂ ਦੇ ਗੀਤ ਮੈਂ ਗਾ ਰਹੀ ਹਾਂ।
"ਵੇਖੋ ਮੇਰੇ ਯਾਰੋ"
ਮੈਂ ਇਕੱਲੀ ਹੀ ਦਿਵਾਲੀ ਮਨਾਂ ਰਹੀ ਹਾਂ।
ਦਿਲ ਵਿੱਚ ਕੋਈ ਆਸ ਨਾ ਮੁਰਾਦ ਹੈ।
ਕਾਹਦੀ ਆਸ ਕਰਾਂ, ਕੋਈ ਆਸ ਹੈ ਨਾ ਪਾਸ ਹੈ।
ਘਰ ਨੂੰ ਸਵਾਰ ਕੇ ਮੈਂ ਸੋਹਣਾ ਜਿਹਾ ਬਣਾ ਲਿਆ।
ਕੋਈ ਨਹੀਂ ਕਹਿੰਦਾ ਤੂੰ ਕਿਨਾਂ ਫਬਾ ਲਿਆ।
ਦੀਵੇ ਵੀ ਜਗਾਏ ਨੇ ਤੇ ਲੜੀਆਂ ਵੀ ਲਾ ਲਈਆਂ ਨੇ।
ਘਰ ਵਿੱਚ ਕਈ ਮਿਠਾਈਆਂ ਵੀ ਆਈਆਂ ਨੇ।
ਨੌਕਰ ਚਾਕਰ ਮੇਰੇ ਕੋਲ ਕੋਲ ਬਹਿੰਦੇ ਨੇ।
ਦਿਵਾਲੀ ਦੀ ਵਧਾਈ ਹੋਵੇ ਵਾਰ ਵਾਰ ਕਹਿੰਦੇ ਨੇ।
ਸਿਰ ਸੰਵਾਰ ਕੇ ਮੈਂ ਸੂਹਾ ਸੂਟ ਪਾ ਲਿਆ।
ਮਹਿੰਦੀ ਲਵਾ ਲਈ ਤੇ ਚੂੜਾ ਵੀ ਚੜ੍ਹਾ ਲਿਆ ।
ਪੈਰਾਂ ਵਿੱਚ ਘੁੰਗਰੂਆਂ ਵਾਲੀਆਂ ਪਾਇਲਾਂ ਵੀ ਪਾ ਲਈਆਂ।
ਸੂਹੀ ਜੁੱਤੀ ਪਾ ਕੇ ਮੈਂ ਸੈਲਫੀਆਂ ਵੀ ਲੈ ਲਈਆਂ।
ਦਿਲ ਤੇ ਹੱਥ ਰੱਖ ਮੈਂ ਮਨ ਨੂੰ ਮੰਨਾ ਲਿਆ।
ਚਾਅ ਪੂਰੇ ਕਰਕੇ ਮੈਂ ਦੀਵਾ ਜਗਾ ਲਿਆ।
ਪਾਠ ਸ਼ੁਰੂ ਕੀਤਾ, ਬਾਬੇ ਨੂੰ ਬੁਲਾ ਲਿਆ।
ਬਾਬਾ ਮੈਨੂੰ ਵੇਖ ਕੇ, ਅੱਖਾਂ ਨਾਲ ਕਹਿੰਦਾ ਏ।
ਤੂੰ ਕਿੱਥੇ ਇਕੱਲੀ ਆਂ ਮੈਂ ਤੇਰੇ ਨਾਲ ਰਹਿੰਦਾਂ ਏ,
ਇਹ ਗੱਲ ਸੁਣ ਕੇ ਵਿਰਾਗ ਮੈਨੂੰ ਆ ਗਿਆ।
ਦੁਨੀਆਂ ਦਾ ਵੱਡਾ ਪੀਰ ਘਰ ਵਿਚ ਪਾ ਲਿਆ।

## .ਗ਼ਜ਼ਲ

**ਬਲਬੀਰ ਸਿੰਘ ਬੱਗਾ ਐਲ.ਐਮ. 409 ਮੋ. 62803 53634**

1. مسلسل اک خوشی کا جام سب کے نام ہو جائے
**ਮੁਸਲਸਲ ਏਕ ਖੁਸ਼ੀ ਕਾ ਜਾਮ ਸਭ ਕੇ ਨਾਮ ਹੋ ਜਾਏ**

2. ترنم پھر ہوا چھیڑے، خوشی ہر گام ہو جائے
**ਤ੍ਰੰਨਮ ਫਿਰ ਹਵਾ ਛੇੜੇ, ਖੁਸ਼ੀ ਹਰ ਗਾਮ ਹੋ ਜਾਏ**

3. یہی ہے بس یہی ہے انتہا اپنی محبت کی
**ਯਹੀ ਹੈ ਬਸ ਯਹੀ ਹੈ ਇੰਤਹਾ ਅਪਨੀ ਮਹੱਬਤ ਕੀ**

4. دعا ہے عمر میری بھی تمہارے نام ہو جائے
**ਦੁਆ ਹੈ ਉਮਰ ਮੇਰੀ ਭੀ ਤੁਮ੍ਹਾਰੇ ਨਾਮ ਹੋ ਜਾਏ**

5. کہیں پر باڑھ، سوکھا ہے، کہیں دہشت وبا کی ہے
**ਕਹੀਂ ਪਰ ਬਾੜ, ਸੂਖਾ ਹੈ, ਕਹੀਂ ਦਹਿਸ਼ਤ ਵਬਾ ਦੀ ਹੈ**

6. خدا اب تو کرم تیرا سبھی پر عام ہو جائے
**ਖ਼ੁਦਾ ਅਬ ਤੋ ਕਰਮ ਤੇਰਾ ਸਬੀ ਪਰ ਆਮ ਹੋ ਜਾਏ**

7. بچی ہے مختصر سی زندگی اب نفرتیں چھوڑو
**ਬਚੀ ਹੈ ਮੁਖ਼ਤਸਰ ਸੀ ਜ਼ਿੰਦਗੀ ਅਬ ਨਫਰਤੇਂ ਛੋੜੋ**

8. نہ جانے کب یہ سورج ڈوب جائے، شام ہو جائے
**ਨਾ ਜਾਨੇ ਕਬ ਯਹ ਸੂਰਜ ਡੂਬ ਜਾਏ, ਸ਼ਾਮ ਹੋ ਜਾਏ**

9. ذرا سمجھو جہاں والو! اشارے غیب کے سمجھو
**ਜ਼ਰਾ ਸਮਝੋ ਜਹਾਂ ਵਾਲੋ! ਇਸ਼ਾਰੇ ਗੈਬ ਕੇ ਸਮਝੋ**

10. تمہیں اے کاش! کہیں غیب کا الہام ہو جائے
**ਤੁਮੇਂ ਐ ਕਾਸ਼! ਕਹੀਂ-ਗੈਬ ਕਾ ਇਲਹਾਮ ਹੋ ਜਾਏ।**

**Calligraphed by Wg Cdr Baldev Singh**

## WhatsApp groups concerning MSCA members

Jarnail Singh LM 1162 M. 98146 14656

Here are some of the suggested groups, where MSCA members may join if they so desire. To join the groups contact 98146 14656

| # | Title<br>Members/Date Created | Description |
|---|---|---|
| 1. | MSCA 1 CITIZENS FORUM<br>601/13-11-2014 | New members are added to send official messages, one way only |
| 2. | MSCA 2 CITIZENS FORUM<br>505/12-11-2014 | New members are added to send official messages, one way only |
| 3. | MSCA 0 CITIZENS FORUM<br>76/02-12-2019 | Aspirants are added here to send notifications about MSCA events, one way only |
| 4. | We, MSCA Family<br>116/29-06-2022 | Members who have lost his/ her partner is added here for communicating special events organised for them only |
| 5. | MSCA CHAT GROUP<br>331/15-11-2014 | Members chit chat in this group keeping in view that sentiment of others are not hurt. A puzzle is also posted at 8 am daily. |
| 6. | HEALTH TIPS GROUP<br>137/05-01-2015 | Health tips are shared in this group |
| 7. | HELPING HANDS<br>80/07-11-2020 | Any member seeks help of any kind and others suggest best alternatives |
| 8. | Kitchen Gardening Group<br>76/18-09-2020 | Members share and exchange any thing about kitchen garden |
